# ਸਿਰ ਦੀਆਂ ਜੂੰਆਂ ਬਾਰੇ ਮਾਪਿਆਂ ਲਈ ਗਾਈਡ:
# ਸਿਰ ਦੀਆਂ ਜੂੰਆਂ ਨੂੰ ਕੰਟ੍ਰੋਲ ਕਰਨ ਲਈ ਆਸਾਨ ਕਦਮ


## ਸਿਰ ਦੀਆਂ ਜੂੰਆਂ ਕੀ ਹੁੰਦੀਆਂ ਹਨ?

ਸਿਰ ਦੀਆਂ ਜੂੰਆਂ ਛੋਟੇ-ਛੋਟੇ ਕੀੜੇ-ਮਕੌੜੇ ਹਨ ਜੋ ਲੋਕਾਂ ਦੇ ਵਾਲਾਂ ਵਿੱਚ ਰਹਿੰਦੇ ਹਨ ਅਤੇ ਉਹਨਾਂ ਦੇ ਖੂਨ ਤੋਂ ਭੋਜਨ ਲੈਂਦੇ ਹਨ। ਜੂੰਆਂ ਆਪਣੇ ਆਂਡਿਆਂ, ਜਿਹਨਾਂ ਨੂੰ ਲੀਖਾਂ ਕਿਹਾ ਜਾਂਦਾ ਹੈ, ਨੂੰ ਵਾਲਾਂ ਨਾਲ ਚਿਪਕਾ ਦਿੰਦੀਆਂ ਹਨ।

ਭੋਜਨ ਦੇ ਬਿਨਾਂ ਸਿਰ ਦੀਆਂ ਜੂੰਆਂ ਛੇਤੀ ਮਰ ਜਾਂਦੀਆਂ ਹਨ (ਦੋ ਦਿਨਾਂ ਅੰਦਰ) ਇਸ ਤਰ੍ਹਾਂ ਉਹ ਤੁਹਾਡੇ ਬੱਚੇ ਦੇ ਸਿਰ ਤੋਂ ਦੂਰ ਬਹੁਤਾ ਚਿਰ ਤੱਕ ਜਿੰਦਾ ਨਹੀਂ ਰਹਿ ਸਕਦੀਆਂ।

ਲੀਖ ਨੂੰ ਆਂਡੇ ਵਿੱਚੋਂ ਨਿਕਲਣ ਵਿੱਚ ਛੇ ਤੋਂ ਨੌਂ ਦਿਨ ਲੱਗਦੇ ਹਨ ਅਤੇ ਜੂੰ ਨੂੰ ਆਂਡੇ ਦੇਣ ਵਾਲੇ ਬਾਲਗ ਬਣਨ ਲਈ ਸੱਤ ਜਾਂ ਇਸ ਤੋਂ ਜ਼ਿਆਦਾ ਦਿਨ ਲੱਗਦੇ ਹਨ।

## ਸਿਰ ਦੀਆਂ ਜੂੰਆਂ ਦਾ ਵਿਕਾਸ



**ਲੋਕਾਂ ਦੇ ਜੂੰਆਂ ਕਿਵੇਂ ਪੈਂਦੀਆਂ ਹਨ?**

ਸਿਰ ਦੇ ਸਿਰ ਨਾਲ ਸੰਪਰਕ ਕਰਕੇ ਬੱਚੇ ਦੂਜੇ ਬੱਚਿਆਂ ਤੱਕ ਜੂੰਆਂ ਪਹੁੰਚਾ ਸਕਦੇ ਹਨ ਅਤੇ ਕਈ ਵਾਰ ਉਸ ਸਮੇਂ ਜਦੋਂ ਉਹ ਕੰਘੀਆਂ, ਟੋਪੀਆਂ, ਕਪੜੇ, ਬੈਰੇਟਸ, ਹੈਲਮੇਟ, ਸਕਾਰਫ, ਹੈਡਫੋਨ, ਜਾਂ ਹੋਰ ਨਿੱਜੀ ਚੀਜ਼ਾਂ ਸਾਂਝੀਆਂ ਕਰਦੇ ਹਨ।

ਸਿਰ ਦੀਆਂ ਜੂੰਆਂ ਘਰਾਂ, ਡੇਅਕੇਅਰ ਸੈਂਟਰਾਂ, ਐਲੀਮੈਂਟਰੀ, ਅਤੇ ਪ੍ਰੀਸਕੂਲਾਂ ਵਿੱਚ ਇੱਕ ਸਮੱਸਿਆ ਹੈ। ਬੱਚਿਆਂ ਨੂੰ ਸਕੂਲ ਵਿੱਚ ਹਮ-ਜਮਾਤੀਆਂ ਦੀ ਤੁਲਨਾ ਵਿੱਚ ਪਰਿਵਾਰਕ ਮੈਂਬਰਾਂ ਅਤੇ ਖੇਡਣ ਵਾਲੇ ਸਾਥੀਆਂ ਤੋਂ ਜੂੰਆਂ ਪੈਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

**ਜੇ ਮੇਰੇ ਬੱਚੇ ਦੇ ਸਿਰ ਵਿੱਚ ਜੂੰਆਂ ਹਨ ਤਾਂ ਮੈਨੂੰ ਇਸ ਦਾ ਪਤਾ ਕਿਵੇਂ ਲੱਗੇਗਾ?**

ਇਸ ਬਾਰੇ ਜਾਣਨ ਦਾ, ਕਿ ਕੀ ਤੁਹਾਡੇ ਬੱਚੇ ਦੇ ਸਿਰ ਵਿੱਚ ਜੂੰਆਂ ਹਨ, ਇੱਕੋ ਤਰੀਕਾ ਇਹ ਹੈ ਕਿ ਉਹਨਾਂ ਦੇ ਵਾਲਾਂ ਨੂੰ ਚੰਗੀ ਤਰ੍ਹਾਂ ਦੇਖਿਆ ਜਾਵੇ। ਬਾਲਗ-ਜੂੰਆਂ ਅਤੇ ਨਿੰਫਾਂ ਨੂੰ ਲੀਖਾਂ ਦੇ ਮੁਕਾਬਲੇ ਦੇਖਣਾ ਜ਼ਿਆਦਾ ਮੁਸ਼ਕਲ ਹੁੰਦਾ ਹੈ ਜੋ ਆਮ ਤੌਰ 'ਤੇ ਖੋਪੜੀ ਤੋਂ ਲਗਭਗ 1/4 ਇੰਚ 'ਤੇ ਪਾਈਆਂ ਜਾਂਦੀਆਂ ਹਨ।

**ਮੈਂ ਆਪਣੇ ਬੱਚੇ ਦੀਆਂ ਜੂੰਆਂ ਤੋਂ ਖਹਿੜਾ ਕਿਵੇਂ ਛੁਡਾ ਸਕਦਾ/ਸਕਦੀ ਹਾਂ?**

**ਲੀਖਾਂ ਵਾਲੀ ਕੰਘੀ ਕਰਨੀ ਅਤੇ ਇਹਨਾਂ ਨੂੰ ਕੱਢਣਾ**

ਜੇ ਤੁਹਾਡੇ ਬੱਚੇ ਦੇ ਸਿਰ ਵਿੱਚ ਜੂੰਆਂ ਪਈਆਂ ਹਨ, ਤਾਂ ਜੂੰਆਂ ਤੋਂ ਖਹਿੜਾ ਛੁਡਾਉਣ ਦਾ ਸਭ ਤੋਂ ਵਧੀਆ ਤਰੀਕਾ ਦੋ ਹਫਤਿਆਂ ਲਈ ਲੀਖਾਂ ਵਾਲੀ ਕੰਘੀ ਨਾਲ ਉਹਨਾਂ ਦੇ ਵਾਲ ਵਾਹੁਣਾ ਹੈ।

ਲੀਖਾਂ ਵਾਲੀਆਂ ਕੰਘੀਆਂ ਧਾਤ ਦੀਆਂ (ਪਲਾਸਟਿਕ ਦੀਆਂ ਨਹੀਂ) ਹੋਣੀਆਂ ਚਾਹੀਦੀਆਂ ਹਨ ਅਤੇ ਇਸ ਦੇ ਲੰਬੇ ਦੰਦੇ ਹੋਣੇ ਚਾਹੀਦੇ ਹਨ। ਤੁਹਾਡੀ ਸਥਾਨਕ ਫਾਰਮੇਸੀ ਤੋਂ ਲੀਖਾਂ ਵਾਲੀ ਕੰਘੀ ਦੇ ਅਨੇਕਾਂ ਬ੍ਰਾਂਡ ਉਪਲਬਧ ਹਨ।

ਇੱਕ ਚੰਗੀ ਉਦਾਹਰਣ LiceMeister®* ਦੀ ਧਾਤ ਵਾਲੀ ਕੰਘੀ ਦੀ ਹੈ ਜਿਸ ਦੀ ਕੀਮਤ ਲਗਭਗ $10 ਹੈ। ਪਾਲਤੂ ਪਸ਼ੂਆਂ ਦੇ ਸਟੋਰਾਂ ਵਿੱਚ ਪਾਈਆਂ ਜਾਂਦੀਆਂ ਧਾਤ ਦੀਆਂ ਪਿਸੂਆਂ ਵਾਲੀਆਂ ਕੰਘੀਆਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਲੀਖਾਂ ਨੂੰ ਕੱਢਣ ਦਾ ਸਭ ਤੋਂ ਵਧੀਆ ਤਰੀਕਾ ਵਾਲ ਨੂੰ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਣਾ ਹੈ। ਵਾਲ ਨੂੰ ਜੜ ਤੋਂ ਲੈ ਕੇ (ਉਪਰਲੇ) ਸਿਰੇ ਤੱਕ ਵਾਹੋ। ਜਿਵੇਂ-ਜਿਵੇਂ ਹਰੇਕ ਹਿੱਸੇ ਨੂੰ ਵਾਹਿਆ ਜਾਂਦਾ ਹੈ, ਤਾਂ ਜਿਸ ਹਿੱਸੇ ਨੂੰ ਵਾਹ ਲਿਆ ਜਾਂਦਾ ਹੈ ਉਸ ਦਾ ਟ੍ਰੈਕ ਰੱਖਣ ਲਈ ਵਾਲਾਂ ਨੂੰ ਖੋਪੜੀ ਨਾਲ ਬੰਨ੍ਹ ਦਿਓ। ਜੇ ਲੀਖਾਂ ਲੱਭਦੀਆਂ ਹਨ, ਤਾਂ ਕੰਘੀ ਨੂੰ ਦੁਬਾਰਾ ਵਰਤਣ ਤੋਂ ਪਹਿਲਾਂ ਇਸ ਨੂੰ ਸਾਫ ਕਰ ਦਿਓ ਜਾਂ ਪਾਣੀ ਨਾਲ ਧੋਵੋ। ਗਿੱਲੇ ਵਾਲਾਂ 'ਤੇ ਕੰਘੀ ਕਰਨੀ ਅਸਾਨ ਹੁੰਦੀ ਹੈ।

ਜਿਹੜੀਆਂ ਲੀਖਾਂ ਨੂੰ ਵਾਲ ਵਾਹ ਕੇ ਬਾਹਰ ਨਹੀਂ ਕੱਢਿਆ ਜਾ ਸਕਦਾ ਉਹਨਾਂ ਨੂੰ ਕੱਢਣਾ ਜ਼ਰੂਰੀ ਹੁੰਦਾ ਹੈ। ਤੁਸੀਂ ਨਹੁੰਆਂ ਨਾਲ ਉਹਨਾਂ ਨੂੰ ਚੁੱਕ ਕੇ ਜਾਂ ਖੋਪੜੀ ਦਰਮਿਆਨ ਅਤੇ ਜਿੱਥੇ ਲੀਖਾਂ ਜੁੜੀਆਂ ਹੁੰਦੀਆਂ ਹਨ ਉੱਥੇ ਇਕੱਲੇ ਵਾਲ ਨੂੰ ਕੱਟ ਕੇ ਅਜਿਹਾ ਕਰ ਸਕਦੇ ਹੋ। ਸਾਰੇ ਪਰਿਵਾਰਕ ਜੀਆਂ ਦੇ ਵਾਲਾਂ ਦੀ ਚੰਗੀ ਤਰ੍ਹਾਂ ਜਾਂਚ ਕਰੋ। ਜੂੰਆਂ ਨੂੰ ਲੱਭਣ ਦੀਆਂ ਆਮ ਥਾਂਵਾਂ ਖੋਪੜੀ ਦੇ ਨਜ਼ਦੀਕ, ਗਿੱਚੀ, ਅਤੇ ਕੰਨਾਂ ਦੇ ਪਿੱਛੇ ਹੁੰਦੀਆਂ ਹਨ।

ਜਿਹੜੀਆਂ ਲੀਖਾਂ ਨੂੰ ਵਾਲ ਵਾਹ ਕੇ ਬਾਹਰ ਨਹੀਂ ਕੱਢਿਆ ਜਾ ਸਕਦਾ ਉਹਨਾਂ ਨੂੰ ਕੱਢਣਾ ਜ਼ਰੂਰੀ ਹੁੰਦਾ ਹੈ। ਤੁਸੀਂ ਨਹੁੰਆਂ ਨਾਲ ਉਹਨਾਂ ਨੂੰ ਚੁੱਕ ਕੇ ਜਾਂ ਖੋਪੜੀ ਦਰਮਿਆਨ ਅਤੇ ਜਿੱਥੇ ਲੀਖਾਂ ਜੁੜੀਆਂ ਹੁੰਦੀਆਂ ਹਨ ਉੱਥੇ ਇਕੱਲੇ ਵਾਲ ਨੂੰ ਕੱਟ ਕੇ ਅਜਿਹਾ ਕਰ ਸਕਦੇ ਹੋ।

## ਇਲਾਜ

ਸਿਰ ਦੀਆਂ ਜੂੰਆਂ ਲਈ ਡਾਕਟਰੀ ਪਰਚੀ ਦੇ ਬਿਨਾਂ ਮਿਲਣ ਵਾਲੇ ਜ਼ਿਆਦਾਤਰ ਇਲਾਜਾਂ ਵਿੱਚ Permethrin (Nix®*) ਜਾਂ pyrethrin ਕਿਰਿਆਸ਼ੀਲ ਸਮੱਗਰੀਆਂ ਹੁੰਦੀਆਂ ਹਨ। 6 ਮਹੀਨੇ ਅਤੇ ਵੱਧ ਉਮਰ ਵਾਲੇ ਬੱਚਿਆਂ ਵਿੱਚ ਜੂੰਆਂ ਨੂੰ ਖਤਮ ਕਰਨ ਲਈ Benzyl Alcohol lotions (ਬੈਂਨਜ਼ਾਈਲ ਅਲਕੋਹਲ ਲੋਸ਼ਨ) (5%) ਜਿਵੇਂ ਕਿ Ulesfia®* ਦੀ ਤਜਵੀਜ਼ ਕੀਤੀ ਜਾ ਸਕਦੀ ਹੈ।

6 ਮਹੀਨੇ ਅਤੇ ਵੱਧ ਉਮਰ ਵਾਲੇ ਬੱਚਿਆਂ ਵਿੱਚ ਲੀਖਾਂ ਅਤੇ ਜੂੰਆਂ ਨੂੰ ਖਤਮ ਕਰਨ ਲਈ Ivermectin (ਆਇਵਰਮੈਕਟਿਨ) (0.5%) ਇਲਾਜ ਜਿਵੇਂ ਕਿ Sklice®* ਦੀ ਤਜਵੀਜ਼ ਕੀਤੀ ਜਾ ਸਕਦੀ ਹੈ।

4 ਸਾਲ ਤੋਂ ਵੱਧ ਉਮਰ ਵਾਲੇ ਬੱਚਿਆਂ ਵਿੱਚ ਲੀਖਾਂ ਅਤੇ ਜੂੰਆਂ, ਦੋਵਾਂ, ਨੂੰ ਖਤਮ ਕਰਨ ਲਈ Spinosad (ਸਪਿਨੋਸੈਡ) (0.9%) ਇਲਾਜ ਜਿਵੇਂ ਕਿ Natroba®* ਦੀ ਤਜਵੀਜ਼ ਕੀਤੀ ਜਾ ਸਕਦੀ ਹੈ।

AirAllé®* ਇੱਕ ਅਜਿਹਾ ਉਪਕਰਨ ਹੈ ਜੋ ਜੂੰਆਂ ਅਤੇ ਲੀਖਾਂ ਨੂੰ ਖਤਮ ਕਰਨ ਲਈ ਸਕੈਲਪ 'ਤੇ ਤੇਜ਼ ਵਹਾਓ ਵਿੱਚ ਗਰਮ ਹਵਾ ਦਿੰਦਾ ਹੈ।

## ਬਹੁਤ ਮਹੱਤਵਪੂਰਨ
## ਇਲਾਜ ਬਾਰੇ ਜਾਣਕਾਰੀ:

- ਲੇਬਲ 'ਤੇ ਦਿੱਤੀਆਂ ਹਦਾਇਤਾਂ ਦੀ ਧਿਆਨਪੂਰਵਕ ਪਾਲਣਾ ਕਰੋ।
- ਸਿਰਫ ਉਹਨਾਂ ਵਿਅਕਤੀਆਂ ਦਾ ਇਲਾਜ ਕਰੋ ਜਿਹਨਾਂ ਦੇ ਸਿਰ ਵਿੱਚ ਜੂੰਆਂ ਹਨ।
- ਉਤਪਾਦ ਨੂੰ ਸਿਫਾਰਸ਼ ਕੀਤੇ ਸਮੇਂ ਤੋਂ ਜ਼ਿਆਦਾ ਦੇਰ ਤੱਕ ਨਾ ਰਹਿਣ ਦਿਓ; ਇਹ ਜੂੰਆਂ ਨੂੰ ਤੇਜ਼ੀ ਨਾਲ ਖਤਮ ਨਹੀਂ ਕਰੇਗਾ।
- ਹਰੇਕ ਉਸ ਵਿਅਕਤੀ ਜਿਸ ਦੇ ਸਿਰ ਵਿੱਚ ਜੂੰਆਂ ਹਨ, ਨੂੰ ਮੁਕੰਮਲ ਇਲਾਜ ਦੀ ਲੋੜ ਹੁੰਦੀ ਹੈ।
- ਸ਼ੈਂਪੂ ਦੇ ਇੱਕੋ ਬਾਕਸ ਨੂੰ ਨਾ ਵੰਡੋ ਜਾਂ ਵੱਖ-ਵੱਖ ਲੋਕਾਂ ਦੇ ਵਾਲ ਧੋਣ ਲਈ ਨਾ ਵਰਤੋ।
- ਇਲਾਜ ਹੋਣ ਤੋਂ ਬਾਅਦ ਵੀ ਤੁਹਾਨੂੰ ਧਾਤ ਵਾਲੀ ਲੀਖਾਂ ਜਾਂ ਪਿਸੂ ਵਾਲੀ ਕੰਘੀ ਉਦੋਂ ਤੱਕ ਰੋਜ਼ਾਨਾ ਵਰਤਣੀ ਚਾਹੀਦੀ ਹੈ ਜਦੋਂ ਤੱਕ ਸਾਰੀਆਂ ਲੀਖਾਂ ਨੂੰ ਪੂਰੀ ਤਰ੍ਹਾਂ ਨਾਲ ਕੱਢਿਆ ਨਹੀਂ ਜਾਂਦਾ।
- ਜੇ ਕਿਸੇ ਵਿਅਕਤੀ ਦੇ ਸਿਰ ਵਿੱਚ ਅਜੇ ਵੀ ਜੂੰਆਂ ਬਚ ਜਾਂਦੀਆਂ ਹਨ ਤਾਂ ਦੂਜੀ ਵਾਰ ਇਲਾਜ ਕਰਨ ਲਈ ਸੱਤ ਤੋਂ ਦੱਸ ਦਿਨਾਂ ਤੱਕ ਉਡੀਕ ਕਰੋ। ਇਸ ਸੱਤ ਤੋਂ ਦੱਸ ਦਿਨਾਂ ਦੀ ਮਿਆਦ ਦੌਰਾਨ ਮਿਲਣ ਵਾਲੀਆਂ ਕਿਸੇ ਵੀ ਜੂੰਆਂ ਅਤੇ ਲੀਖਾਂ ਨੂੰ ਕੱਢ ਦਿਓ।

**ਜੇ ਇਲਾਜ ਕੰਮ ਨਹੀਂ ਕਰਦਾ ਤਾਂ?**

ਇਹ ਕੁਝ ਕਾਰਨ ਹਨ ਜਿਨ੍ਹਾਂ ਕਰਕੇ ਹੋ ਸਕਦਾ ਹੈ ਕਿ ਇਲਾਜ ਨੇ ਅਸਰ ਨਾ ਕੀਤਾ ਹੋਵੇ:

- ਇਲਾਜ ਵਾਲੇ ਉਤਪਾਦਾਂ 'ਤੇ ਦਿੱਤੇ ਨਿਰਦੇਸ਼ਾਂ ਦੀ ਚੰਗੀ ਤਰ੍ਹਾਂ ਨਾਲ ਪਾਲਣਾ ਨਹੀਂ ਕੀਤੀ ਗਈ ਸੀ।
- ਲੀਖਾਂ ਨੂੰ ਪੂਰੀ ਤਰ੍ਹਾਂ ਨਾਲ ਕੱਢਿਆ ਨਹੀਂ ਗਿਆ ਸੀ।
- ਬੱਚੇ ਨੂੰ ਨਾਲ ਖੇਡਣ ਵਾਲੇ ਸਾਥੀ ਤੋਂ ਦੁਬਾਰਾ ਸਿਰ ਦੀਆਂ ਜੂੰਆਂ ਪੈ ਗਈਆਂ ਸਨ।
- ਹੋ ਸਕਦਾ ਹੈ ਕਿ ਜੂੰਆਂ ਤੁਰੰਤ ਨਾ ਮਰਨ।
- ਸਮੱਸਿਆ ਜੂੰਆਂ ਦੀ ਨਹੀਂ ਸੀ।

**ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਅੱਗੇ ਦਿੱਤੇ ਉਤਪਾਦ ਅਸਰ ਕਰਦੇ ਹਨ:**

- ਸਿਰਕਾ
- ਮਿਸ਼ਰਿਤ ਪਦਾਰਥ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ "ਲੀਖਾਂ ਨੂੰ ਕੱਢਣਾ ਆਸਾਨ ਬਣਾਉਣ ਲਈ" ਉਹਨਾਂ ਦੀ ਗੂੰਦ ਨੂੰ ਘੋਲ ਦਿੰਦੇ ਹਨ।
- ਮਾਇਓਨੇਜ਼
- ਜੈਤੂਨ ਦਾ ਤੇਲ (ਓਲਾਈਵ ਆਇਲ)
- ਟੀ ਟ੍ਰੀ ਆਇਲ

**ਇਹ ਕੁਝ ਹੋਰ ਕੰਮ ਹਨ ਜੋ ਤੁਸੀਂ ਆਪਣੇ ਘਰ ਵਿੱਚੋਂ ਜੂੰਆਂ ਜਾਂ ਲੀਖਾਂ ਤੋਂ ਛੁਟਕਾਰਾ ਪਾਉਣ ਲਈ ਕਰ ਸਕਦੇ ਹੋ:**

- ਕੱਪੜਿਆਂ ਅਤੇ ਬਿਸਤਰਿਆਂ ਨੂੰ ਗਰਮ ਪਾਣੀ (130F) ਵਿੱਚ ਧੋਵੋ ਫੇਰ ਉਸ ਨੂੰ ਹੌਟ ਸਾਈਕਲ 'ਤੇ ਘੱਟੋ-ਘੱਟ 20 ਮਿੰਟਾਂ ਲਈ ਸੁਕਾਓ।
- ਜੂੰਆਂ ਨੂੰ ਖੂਨ ਦਾ ਭੋਜਨ ਲੈਣ ਤੋਂ ਰੋਕ ਕੇ ਉਹਨਾਂ ਨੂੰ ਮਾਰਨ ਵਾਸਤੇ ਚੀਜ਼ਾਂ ਨੂੰ ਦੋ ਹਫਤਿਆਂ ਲਈ ਪਲਾਸਟਿਕ ਦੇ ਬੈਗ ਵਿੱਚ ਸੀਲ ਕਰਕੇ ਰੱਖੋ।
- ਕੰਘੀਆਂ, ਬੁਰਸ਼, ਵਾਲਾਂ ਦੀਆਂ ਰਬੜਾਂ, ਅਤੇ ਬੈਰੇਟ ਨੂੰ ਪੰਜ ਮਿੰਟਾਂ ਲਈ ਪਾਣੀ ਵਿੱਚ ਉਬਾਲੋ, ਜਾਂ ਉਹਨਾਂ ਨੂੰ ਰਬਿੰਗ ਅਲਕੋਹਲ ਜਾਂ Lysol® ਵਿੱਚ ਇੱਕ ਘੰਟੇ ਲਈ ਭਿਓ ਕੇ ਰੱਖੋ। ਗਲੀਚਿਆਂ ਅਤੇ ਫਰਨੀਚਰ ਦੀ ਵੈਕਿਊਮ ਨਾਲ ਸਫਾਈ ਕਰੋ।

* ਇਸ ਉਤਪਾਦ ਦੇ ਨਾਮ ਦੀ ਵਰਤੋਂ ਦਾ ਇਹ ਅਰਥ ਨਹੀਂ ਹੈ ਕਿ ਕੈਲੀਫੋਰਨੀਆ ਡਿਪਾਰਟਮੈਂਟ ਆਫ ਪਬਲਿਕ ਹੈਲਥ ਦੁਆਰਾ ਇਸ ਨੂੰ ਵਪਾਰਕ ਤੌਰ 'ਤੇ ਤਸਦੀਕ ਕਰਦਾ ਹੈ।

**ਪੈਨੀ ਦੀ ਤੁਲਨਾ ਵਿੱਚ ਆਂਡਾ (ਲੀਖ), ਨਿੰਫ (ਅਰਧ-ਵਿਕਸਿਤ ਰੂਪ), ਅਤੇ ਸਿਰ ਦੀਆਂ ਬਾਲਗ ਜੂੰਆਂ ਦਾ ਅਸਲ ਆਕਾਰ।**




**ਨਿੰਫ, ਵਾਲ, ਅੰਡਾ, ਬਾਲਗ**

ਜੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਆਪਣੇ ਸਥਾਨਕ ਸਿਹਤ ਵਿਭਾਗ ਜਾਂ ਕਲੀਨਿਕ ਨਾਲ ਸੰਪਰਕ ਕਰੋ।

ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਪਬਲਿਕ ਹੈਲਥ
ਵੈਕਟਰ-ਬੋਰਨ ਡਿਜ਼ੀਜ਼ ਸੈਕਸ਼ਨ
(916) 552-9730
www.cdph.ca.gov
2016